## ਬਾਬਾ ਜੋਗੀ ਪੀਰ ਵਿਖੇ ਸੱਭਿਆਚਾਰਕ ਮੇਲਾ 14 ਨੂੰ

ਬਠਾਰੇਕ, 9 ਜਨਵਰੀ ( ਪੱਤਰ ਪ੍ਰੇਰਕ) ਇੱਥੋਂ 5 ਕਿਲੋਮੀਟਰ ਦੂਰ ਪਿੰਡ ਪੋਲਾਂ ਦੇ ਧਾਰਮਿਕ ਅਸਥਾਨ ਬਾਬਾ ਜੋਗੀ ਪੀਰ ਜੀ ਵਿਖੇ ਮਾਘੀ ਮੇਲਾ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। 14 ਜਨਵਰੀ ਨੂੰ ਮਨਾਏ ਜਾ ਰਹੇ ਇਸ ਮੇਲੇ 'ਤੇ ਜਿੱਥੇ ਸੰਗਤਾਂ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਰਧਾ ਦੇ ਫੁੱਲ ਭੇਟ ਕਰਨਗੀਆਂ, ਉੱਥੇ ਨਾਲ ਹੀ ਸੱਭਿਆਚਾਰਕ ਮੇਲਾ ਵੀ ਆਯੋਜਿਤ ਕੀਤਾ ਜਾਵੇਗਾ ਤਾਂ ਜੋ ਨੌਜਵਾਨ ਪੀੜ੍ਹੀ ਨਸ਼ਿਆਂ ਤੋਂ ਦੂਰ ਰਹਿ ਕੇ ਪੰਜਾਬੀ ਵਿਰਸੇ ਨੂੰ ਹੋਰ ਪ੍ਰਫੁੱਲਿਤ ਕਰ ਸਕੇ। ਇਸ ਮੌਕੇ 'ਤੇ ਸ. ਰਵਨੀਤ ਸਿੰਘ ਮੈਂਬਰ ਪਾਰਲੀਮੈਂਟ ਆਨੰਦਪੁਰ ਹਲਕਾ, ਰਾਮ ਕਿਸ਼ਨ ਕਟਾਰੀਆ ਸਾਬਕਾ ਵਿਧਾਇਕ ਬਲਾਚੌਰ, ਯੂਥ ਕਾਂਗਰਸ ਆਗੂ ਰਿੰਕੂ ਚੌਧਰੀ ਉਚੇਚੇ ਤੌਰ 'ਤੇ ਸਮਾਰੋਹ ਵਿੱਚ ਸ਼ਿਰਕਤ ਕਰਨਗੇ ਅਤੇ ਗੁਰਮੀਤ ਮਾਨ, ਮਿਸ ਪ੍ਰੀਤ ਪਾਇਲ ਐਂਡ ਪਾਰਟੀ ਤੇ ਗੁਰਦੀਪ ਮਹਿਤ ਪੁਰੀ ਦੀ ਪਾਰਟੀ ਧਾਰਮਿਕ ਮਹਿਮਾ ਦਾ ਗੁਣਗਾਨ ਕਰਨਗੇ। ਹਰ ਸਾਲ ਦੀ ਤਰ੍ਹਾਂ ਜੁੜ ਰਹੇ ਇਸ ਭਾਰੀ ਜੋੜ-ਮੇਲੇ ਤੇ ਸਮੂਹ ਨਗਰ ਨਿਵਾਸੀਆਂ ਵੱਲੋਂ ਤਿਆਰੀਆਂ ਸ਼ੁਰੂ ਕੀਤੀਆਂ ਜਾ ਰਹੀਆਂ ਹਨ ਤੇ ਸਮੂਹ ਸੰਗਤਾਂ ਨੂੰ 13 ਜਨਵਰੀ ਨੂੰ ਸ੍ਰੀ ਅਖੰਡ-ਪਾਠ ਸਾਹਿਬ ਦੇ ਭੋਗ ਅਤੇ 14 ਜਨਵਰੀ ਨੂੰ ਸੱਭਿਆਚਾਰਕ ਮੇਲੇ 'ਤੇ ਪਹੁੰਚਣ ਦਾ ਹਾਰਦਿਕ ਸੱਦਾ ਵੀ ਦਿੱਤਾ ਗਿਆ।

## ਹਰਜੀਤ ਬੀਟਾ ਦੀ ਨਿਯੁਕਤੀ 'ਤੇ ਲੱਡੂ ਵੰਡੇ

ਭਵਾਨੀਗੜ੍ਹ, 9 ਜਨਵਰੀ (ਲਖਵਿੰਦਰ ਪਾਲ ਗਰਗ)-ਸਥਾਨਕ ਟਰੱਕ ਯੂਨੀਅਨ ਦੇ ਪ੍ਰਧਾਨ ਹਰਜੀਤ ਸਿੰਘ ਬੀਟਾ ਨੂੰ ਜ਼ਿਲ੍ਹਾ ਟਰੱਕ ਯੂਨੀਅਨ ਦਾ ਉਪ ਪ੍ਰਧਾਨ ਬਣਾਉਣ ਤੇ ਤੂਰ ਪੱਤੀ ਦੇ ਵਾਸੀਆਂ ਨੇ ਖੁਸ਼ੀ 'ਚ ਭੰਗੜੇ ਪਾਏ ਤੇ ਲੱਡੂ ਵੰਡੇ। ਇਸ ਮੌਕੇ ਰਣਜੀਤ ਸਿੰਘ ਤੂਰ ਸਾਬਕਾ ਪ੍ਰਧਾਨ ਟਰੱਕ ਯੂਨੀਅਨ, ਇੰਦਰਤੀਤ ਸਿੰਘ ਤੂਰ ਪ੍ਰਧਾਨ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ, ਜਥੇਦਾਰ ਬਲਦੇਵ ਸਿੰਘ ਢਿੱਲੋਂ, ਮੇਵਾ ਸਿੰਘ ਸੰਘਰੇੜੀ, ਅਜੈਬ ਸਿੰਘ ਗਹਿਲਾ, ਭਰਪੂਰ ਸਿੰਘ, ਜਗਦੀਸ਼ ਸਿੰਘ ਰਾਮਪੁਰਾ ਆਦਿ ਤੋਂ ਇਲਾਵਾ ਭਾਰੀ ਗਿਣਤੀ 'ਚ ਹਾਜ਼ਰ ਤੂਰ ਵਾਸੀਆਂ ਨੇ ਹਰਜੀਤ ਸਿੰਘ ਬੀਟਾ ਨੂੰ ਵਧਾਈਆਂ ਦਿੱਤੀਆਂ।

## ਨਰਮੇ ਦੀ ਖਰੀਦ ਨਾ ਹੋਣ ਕਾਰਨ ਮੰਡੀਆਂ 'ਚ ਠਰ ਰਹੇ ਨੇ ਕਿਸਾਨ



— ਨਰਮੇ ਦੀ ਖਰੀਦ ਸੰਬੰਧੀ ਚੱਲ ਰਹੀ ਹੜਤਾਲ ਕਾਰਨ ਨਰਮੇ ਦੀ ਲੱਗੇ ਅੰਬਾਰ। (ਫੋਟੋ- ਯਾਦੂ ਭੁੱਲਰ)

ਤਪਾ ਮੰਡੀ, 9 ਜਨਵਰੀ (ਯਾਦੂ ਭੁੱਲਰ)- ਸਥਾਨਕ ਮੰਡੀ ਵਿੱਚ ਕਿਸਾਨਾਂ ਦੀ ਨਰਮੇ ਦੀ ਫਸਲ ਵਿਕਣ ਕਾਰਨ ਨਰਮਾ ਉਤਪਾਦਕਾਂ ਨੂੰ ਭਾਰੀ ਆਰਥਿਕ ਮੁਸ਼ਕਲਾਂ ਆ ਰਹੀਆਂ ਹਨ ਤੇ ਉਹ ਇਸ ਜ਼ਬਰਦਸਤ ਠੰਢ ਦੇ ਪ੍ਰਕੋਪ ਦੇ ਬਾਵਜੂਦ ਆਪਣਾ ਨਰਮਾ ਮੰਡੀਆਂ 'ਚ ਸੁੱਟੀ ਬੈਠੇ ਹਨ ਤੇ ਕੱਕਰੀਲੀਆਂ ਰਾਤਾਂ ਨਰਮੇ ਦੀਆਂ ਢੇਰੀਆਂ ਉੱਪਰ ਪੈ ਕੇ ਗੁਜ਼ਾਰਨੀਆਂ ਪੈ ਰਹੀਆਂ ਹਨ। ਪੰਜਾਬ ਕਪਾਹ ਮਿਲਰਜ਼ ਐਸੋਸੀਏਸ਼ਨ ਵੱਲੋਂ ਦਿੱਤੇ ਹੜਤਾਲ ਦੇ ਸੱਦੇ ਕਾਰਨ ਇੱਥੋਂ ਦੀਆਂ ਸਾਰੀਆਂ ਕਪਾਹ ਮਿੱਲਾਂ ਬੰਦ ਪਈਆਂ ਹਨ ਤੇ ਨਰਮੇ ਨੂੰ ਖਰੀਦਣ ਵਾਲਾ ਕੋਈ ਵੀ ਵਪਾਰੀ ਮਾਰਕੀਟ ਵਿੱਚ ਨਹੀਂ ਆ ਰਿਹਾ ਤੇ ਸੀ.ਸੀ. ਆਈ. ਘੱਟੋ-ਘੱਟ ਨਿਰਧਾਰਿਤ ਮੁੱਲ 2800 ਪ੍ਰਤੀ ਕੁਇੰਟਲ ਹੀ ਖਰੀਦ ਸਕਦੀ ਹੈ। ਜਦੋਂ ਕਿ ਨਰਮੇ ਦਾ ਬਾਜ਼ਾਰੀ ਮੁੱਲ 3400 ਪ੍ਰਤੀ ਕੁਇੰਟਲ ਹੈ ਤੇ ਨਰਮਾ ਉਤਪਾਦਨ ਘੱਟ ਮੁੱਲ 'ਤੇ ਸਰਕਾਰ ਨੂੰ ਆਪਣੀ ਜਿਣਸ ਨਹੀਂ ਵੇਚਣੀ ਚਾਹੁੰਦੇ, ਫਲਸਰੂਪ ਨਰਮੇ ਦੀ ਖਰੀਦ ਮੁਕੰਮਲ ਠੱਪ ਹੋ ਗਈ ਹੈ ਤੇ ਕਿਸਾਨ ਜਾਂ ਤਾਂ ਮੰਡੀਆਂ 'ਚ ਰੁਲ ਰਹੇ ਹਨ ਜਾਂ ਫਿਰ ਆਪਣੀ ਫਸਲ ਘਰ ਰੱਖੀ ਬੈਠੇ ਹਨ, ਫਸਲ ਨਾ ਮਿਲਣ ਕਾਰਨ ਆਰਥਿਕ ਮੁਸ਼ਕਲਾਂ 'ਚ ਫਸ ਗਏ ਹਨ। ਉਹ ਨਾ ਬੈਂਕਾਂ ਦੇ ਕਰਜ਼ੇ ਮੋੜ ਸਕਦੇ ਹਨ ਅਤੇ ਨਾ ਹੀ ਆੜ੍ਹਤੀਆਂ ਦੇ ਕਰਜ਼ੇ ਦੀ ਅਦਾਇਗੀ ਕਰ ਸਕਦੇ ਹਨ। ਨਤੀਜੇ ਵਜੋਂ ਉਹ ਬੈਂਕ ਤੇ ਆੜ੍ਹਤੀਆਂ ਦੇ ਡਿਫਾਲਟਰ ਹੋਏ ਪਏ ਹਨ। ਇਸ ਦੇ ਨਾਲ ਹੀ ਮਜ਼ਦੂਰ ਵਰਗ ਵੀ ਬੇਕਾਰ ਹੋ ਗਿਆ ਹੈ। ਆੜ੍ਹਤੀਆਂ ਦੀਆਂ ਦੁਕਾਨਾਂ ਤੇ ਲੱਗੇ ਹੋਏ ਮਜ਼ਦੂਰ ਤੋਲ ਤੁਲਾਈ ਵਾਲੇ, ਢੋਆ-ਢੁਆਈ ਵਾਲੀ ਲੇਬਰ ਬੇਕਾਰ ਹੋ ਗਈ ਹੈ। ਉਧਰ ਫੈਕਟਰੀਆਂ 2 ਪ੍ਰਤੀਸ਼ਤ ਮਾਰਕੀਟ ਫੀਸ 2 ਪ੍ਰਤੀਸ਼ਤ ਆਰ.ਡੀ.ਐਫ., 2 ਪ੍ਰਤੀਸ਼ਤ ਸੈੱਸ ਨੂੰ ਕੁਲ ਮਿਲਾ ਕੇ 6 ਪ੍ਰਤੀਸ਼ਤ ਟੈਕਸ ਵੱਧ ਦੇਣਾ ਪੈਂਦਾ ਹੈ। ਪੰਜਾਬ ਸਰਕਾਰ ਇਸ ਹੜਤਾਲ ਨੂੰ ਸਪਿੰਨਿੰਗ ਮਿੱਲਾਂ ਦੀ ਐਸੋਸੀਏਸ਼ਨ ਨਾਲ ਕੋਈ ਗੱਲਬਾਤ ਕਰਕੇ ਹੜਤਾਲ ਖਤਮ ਕਰਨ 'ਚ ਅਸਫਲ ਰਹੀ ਹੈ। ਜਿਸ ਕਾਰਨ ਜਿੱਥੇ ਕਿਸਾਨ, ਮਜ਼ਦੂਰ, ਵਪਾਰੀ ਕਾਰਖਾਨੇਦਾਰ ਬੇਰੁਜ਼ਗਾਰੀ 'ਚ ਫਸ ਗਏ ਹਨ। ਉੱਥੇ ਪੰਜਾਬ ਸਰਕਾਰ ਨੂੰ ਵੀ ਆਰਥਿਕ ਮੰਦਵਾੜੇ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ, ਕਿਉਂਕਿ ਇਸ ਖਿੱਤੇ ਵਿੱਚੋਂ ਵੀ ਸਰਹੱਦੀ ਜ਼ਿਲ੍ਹਿਆਂ ਵਾਂਗ ਆਪਣੀਆਂ ਰਿਸ਼ਤੇਦਾਰੀਆਂ ਦੇ ਮਾਰਫਤ ਕਿਸਾਨ ਪੰਜਾਬ ਤੋਂ ਬਾਹਰ ਨਰਮਾ ਵੇਚ ਰਹੇ ਹਨ। ਸਥਾਨਕ ਕਾਟਨ ਐਸੋਸੀਏਸ਼ਨ ਦੇ ਬੁਲਾਰੇ ਨੇ ਦੱਸਿਆ ਜੇ ਸਰਕਾਰ 2 ਪ੍ਰਤੀਸ਼ਤ ਟੈਕਸ ਛੋਟੀਆਂ ਮਿੱਲਾਂ ਦਾ ਘਟਾ ਦੇਵੇ ਅਤੇ ਮੈਗਾ ਪ੍ਰਾਜੈਕਟਾਂ ਨੂੰ 2 ਪ੍ਰਤੀਸ਼ਤ ਵਧਾ ਦੇਵੇ ਤਾਂ ਮਿੱਲਰਜ਼ ਦੀ ਹੜਤਾਲ ਖਤਮ ਹੋ ਸਕਦੀ ਹੈ ਤੇ ਸਮੁੱਚਾ ਕਾਰੋਬਾਰ ਮੁੜ ਤੋਂ ਚਾਲੂ ਹੋ ਸਕਦਾ ਹੈ ਤੇ ਪੰਜਾਬ ਸਰਕਾਰ ਨੂੰ ਵੀ ਟੈਕਸ ਦੇ ਰੂਪ 'ਚ ਆਮਦਨ ਸ਼ੁਰੂ ਹੋ ਜਾਵੇਗੀ ਤੇ ਕਾਮਿਆਂ, ਕਿਸਾਨਾਂ ਦੀ ਵੀ ਆਰਥਿਕ ਹਾਲਤ ਸੁਧਰ

## ਪਲਸ ਪੋਲਿਓ ਸੰਬੰਧੀ ਰੈਲੀ ਕੱਢੀ ਗਈ-ਢਿੱਲੋਂ

ਫਿਰੋਜ਼ਪੁਰ, 9 ਜਨਵਰੀ (ਜੀ.ਐੱਸ. ਕਾਲੜਾ)- ਪੋਲਿਓ ਦੇ ਖਾਤਮੇ ਲਈ ਅਤੇ ਲੋਕਾਂ ਨੂੰ ਜਾਗਰੂਕ ਕਰਨ ਲਈ 0 ਤੋਂ 5 ਸਾਲ ਦੇ ਬੱਚਿਆਂ ਨੂੰ ਦੋ ਬੂੰਦਾਂ ਪਿਲਾਉਣ ਲਈ ਡਾ. ਜੀ.ਐੱਸ. ਢਿੱਲੋਂ, ਡਾ. ਫਕੀਰ ਚੰਦ ਦੀ ਰਹਿਨੁਮਾਈ ਹੇਠ ਦੇਵ ਸਮਾਜ ਕਾਲਜ ਫਾਰ ਫੋਮੈਨ, ਗੌਮਿੰਟ ਸੀ. ਸੈ. ਸਕੂਲ ਲੜਕੇ ਤੇ ਲੜਕੀਆਂ, ਦੇਵ ਸਮਾਜ ਮਾਡਲ ਹਾਈ ਸਕੂਲ, ਪੰਜਾਬ ਸਟੇਟ ਐਨ. ਐਨ.ਐਸ. ਯੂਨਿਟ, ਪੰਜਾਬ ਸਟੇਟ ਰੈੱਡ ਕਰਾਸ ਯੂਨਿਟ ਵੱਲੋਂ ਪਲਸ ਪੋਲਿਓ ਸੰਬੰਧੀ ਫਿਰੋਜ਼ਪੁਰ ਸ਼ਹਿਰ ਦੇ ਬਜ਼ਾਰਾਂ ਵਿੱਚੋਂ ਰੈਲੀ ਕੱਢੀ ਗਈ। ਰੈਲੀ ਨੂੰ ਸੰਬੋਧਨ ਕਰਦਿਆਂ ਡਾ. ਜੀ ਐੱਸ ਢਿੱਲੋਂ ਨੇ ਕਿਹਾ ਕਿ ਇਹ ਬਿਮਾਰੀ ਕੇਵਲ ਛੋਟੇ ਬੱਚਿਆਂ ਨੂੰ ਹੁੰਦੀ ਹੈ, ਇਸ ਲਈ ਦੋ ਬੂੰਦਾਂ ਦਵਾਈ ਦੀਆਂ ਜੰਮਦੇ ਬੱਚੇ ਤੋਂ 5 ਸਾਲ ਦੇ ਬੱਚੇ ਨੂੰ ਜ਼ਰੂਰ ਪਿਲਾਓ ਭਾਵੇਂ ਉਹ ਬਿਮਾਰ ਹੋਵੇ ਜਾਂ ਠੀਕ। ਇਸੇ ਪ੍ਰਕਾਰ ਡਾ. ਫਕੀਰ ਚੰਦ, ਮੈਡਮ ਨਰਿੰਦਰ ਕੌਰ, ਮੈਡਮ ਕ੍ਰਿਸ਼ਨਾ ਸ਼ਰਮਾ, ਡਾ. ਰਾਕੇਸ਼ ਸਿਕਰੀ, ਐੱਸ.ਜੀ. ਓਜ਼ ਕਮੇਟੀ ਦੇ ਚੇਅਰਮੈਨ ਪੀ.ਸੀ. ਕੁਮਾਰ, ਸਿਟੀਜ਼ਨ ਫੋਰਮ ਦੇ ਪ੍ਰਧਾਨ ਐੱਸ ਕੇ ਸਚਦੇਵਾ ਨੇ ਸੰਬੋਧਨ ਕੀਤਾ।

## ਗਰਾਮ ਪੰਚਾਇਤ ਨੇ ਪੈਨਸ਼ਨਾਂ ਵੰਡੀਆਂ

ਕੋਟਭਾਈ, 9 ਜਨਵਰੀ (ਜਸਵੰਤ ਸਿੰਘ ਛੱਤੇਆਣਾ)-ਕੋਟਭਾਈ ਤੋਂ 9 ਕਿਲੋਮੀਟਰ ਦੂਰ ਪਿੰਡ ਛੱਤੇਆਣਾ ਦੀ ਗਰਾਮ ਪੰਚਾਇਤ ਨੇ ਪੈਨਸ਼ਨਾਂ ਵੰਡੀਆਂ। ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਛੱਤੇਆਣਾ ਦੀ ਗਰਾਮ ਪੰਚਾਇਤ ਨੇ 5 ਗਰੀਬ ਨੂੰ ਬੁਢਾਪਾ, ਵਿਧਵਾ, ਅੰਗਹੀਣ ਤੇ ਆਸਰਤ ਪੈਨਸ਼ਨਾਂ 500 ਰੁਪਏ ਦੇ ਹਿਸਾਬ ਨਾਲ ਵੰਡੀਆਂ। ਇਹ ਪੈਨਸ਼ਨਾਂ ਸਰਪੰਚ ਸੁਖਮੰਦਰ ਸਿੰਘ ਦੀ ਹਾਜ਼ਰੀ ਵਿੱਚ ਵੰਡੀਆਂ ਗਈਆਂ। ਪੈਨਸ਼ਨਾਂ ਲੈਣ ਆਏ ਬੁੱਢੇ-ਬੁੱਢੀਆਂ ਦੇ ਚਿਹਰਿਆਂ 'ਤੇ ਰੌਣਕਾਂ ਦੇਖੀਆਂ ਗਈਆਂ। ਪੈਨਸ਼ਨਾਂ ਵੰਡਣ ਮੌਕੇ ਗੁਰਚਰਨ ਸਿੰਘ ਪੰਚ, ਗੁਰਦੀਪ ਸਿੰਘ ਪੰਚ, ਬਲਜੀਤ ਸਿੰਘ ਬਰਾੜ ਪੰਚ, ਜਸਵੰਤ ਸਿੰਘ ਪੰਚ ਅਤੇ ਕਾਲਾ ਸਿੰਘ ਵੀ ਹਾਜ਼ਰ ਸਨ।

## ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਧੜੇਬੰਦੀ ਤੋਂ ਉੱਪਰ ਉੱਠ ਕੇ ਕੰਮ ਕੀਤਾ ਜਾਵੇ-ਸ਼ੇਰਗਿੱਲ

ਮਹਿਲ ਕਲਾਂ, 9 ਜਨਵਰੀ (ਬਲਵਿੰਦਰ ਸਿੰਘ ਵਜੀਦਕੇ)-ਪੰਚਾਇਤ ਯੂਨੀਅਨ ਬਲਾਕ ਮਹਿਲ ਕਲਾਂ ਦੀ ਮਹੀਨਾਵਾਰ ਮੀਟਿੰਗ ਅੱਜ ਇੱਥੇ ਬੀ.ਡੀ.ਪੀ.ਓ. ਦਫਤਰ ਵਿਖੇ ਹੋਈ। ਜਿਸ ਵਿੱਚ ਬਲਾਕ ਭਰ ਤੋਂ ਪੰਚਾਂ, ਸਰਪੰਚਾਂ ਨੇ ਭਰਵੀਂ ਸ਼ਮੂਲੀਅਤ ਕੀਤੀ। ਇਸ ਮੌਕੇ ਬੋਲਦਿਆਂ ਏ.ਡੀ.ਸੀ. ਵਿਕਾਸ ਸ੍ਰ. ਬਲਵੰਤ ਸਿੰਘ ਸ਼ੇਰਗਿੱਲ ਨੇ ਸਮੂਹ ਪੰਚਾਇਤਾਂ ਨੂੰ ਪਿੰਡਾਂ ਦੇ ਸਰਵ ਪੱਖੀ ਵਿਕਾਸ ਲਈ ਆਪਸੀ ਧੜੇਬੰਦੀ ਤੋਂ ਉੱਪਰ ਉਠ ਕੇ ਕੰਮ ਕਰਨ। ਪੰਜਾਬ ਸਰਕਾਰ ਦੀਆਂ ਸਕੀਮਾਂ ਦਾ ਪੂਰਾ, ਪੂਰਾ ਲਾਭ ਉਠਾਉਣ ਦੀ ਅਪੀਲ ਕਰਦਿਆਂ ਆਪਣੇ ਵੱਲੋਂ ਹਰ ਸੰਭਵ ਸਹਿਯੋਗ ਦਾ ਵਾਅਦਾ ਕੀਤਾ। ਸ੍ਰ. ਸ਼ੇਰਗਿੱਲ ਨੇ ਕਿਹਾ ਕਿ ਪਿੰਡਾਂ ਦੇ ਨਜਾਇਜ਼ ਕਬਜ਼ਿਆਂ ਨੂੰ ਹਟਾਉਣ ਲਈ ਅਗਲੇ ਦਿਨਾਂ ਵਿੱਚ ਵਿਸ਼ੇਸ਼ ਮੁਹਿੰਮ ਵਿੱਢੀ ਜਾ ਰਹੀ ਹੈ। ਜਿਸ ਵਿੱਚ ਸਮੂਹ ਪੰਚਾਇਤਾਂ ਪੂਰਾ-ਪੂਰਾ ਸਹਿਯੋਗ ਦੇਣ। ਸ੍ਰ. ਸ਼ੇਰਗਿੱਲ ਨੇ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀਆਂ ਜਾ ਰਹੀਆਂ ਭਲਾਈ ਸਕੀਮਾਂ ਬਾਰੇ ਵਿਸਥਾਰ ਪੂਰਵਕ ਕੰਮਾਂ ਉੱਪਰ ਤਸੱਲੀ ਦਾ ਪ੍ਰਗਟਾਵਾ ਕੀਤਾ। ਸ੍ਰ. ਸ਼ੇਰਗਿੱਲ ਨੇ ਦੱਸਿਆ ਕਿ ਅਗਲੇ ਦਿਨਾਂ ਲਈ ਨਰੇਗਾ ਸਕੀਮ ਦਾ ਕੰਮ ਵੱਡੀ ਪੱਧਰ 'ਤੇ ਚਲਾਉਣ ਲਈ ਬੱਜਟ ਪਾਸ ਕਰਕੇ ਮਨਜ਼ੂਰੀ ਲਈ ਭੇਜਿਆ ਗਿਆ ਹੈ। ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ ਗੁਰਤੇਜ ਸਿੰਘ ਖੁੱਡੀ ਕਲਾਂ ਨੇ ਜ਼ਿਲ੍ਹਾ ਪ੍ਰੀਸ਼ਦ ਤਹਿਤ ਚਲ ਰਹੀਆਂ ਸਕੀਮਾਂ ਦੀ ਜਾਣਕਾਰੀ ਦਿੰਦੇ ਹੋਏ ਸਾਰਿਆਂ ਨੂੰ ਲਾਭ ਲੈਣ ਲਈ ਪ੍ਰੇਰਿਤ ਕੀਤਾ। ਚੇਅਰਮੈਨ ਮਾਰਕੀਟ ਕਮੇਟੀ ਮਹਿਲ ਕਲਾਂ ਅਜੀਤ ਸਿੰਘ ਸੰਧੂ ਨੇ ਕਿਹਾ ਕਿ ਅਗਲੇ ਦਿਨਾਂ ਵਿੱਚ ਹਲਕੇ ਦੀਆਂ ਲਿੰਕ ਸੜਕਾਂ ਅਤੇ ਹੋਰ ਕੰਮਾਂ ਨੂੰ ਜੰਗੀ ਪੱਧਰ 'ਤੇ ਸ਼ੁਰੂ ਕੀਤਾ ਜਾ ਰਿਹਾ ਹੈ। ਬੀ.ਡੀ.ਪੀ. ਓ ਜਸਵੰਤ ਸਿੰਘ ਵੜੈਚ ਨੇ ਵਿਕਾਸ ਕੰਮਾਂ ਦੀ ਜਾਣਕਾਰੀ ਦਿੱਤੀ। ਮੈਂਬਰ ਬਲਾਕ ਸੰਮਤੀ ਸਰਪੰਚ ਜਰਨੈਲ ਸਿੰਘ ਕੁਰੜ ਨੇ ਪੰਚਾਇਤਾਂ ਨੂੰ ਦਰਪੇਸ਼ ਮੁਸ਼ਕਲਾਂ ਬਾਰੇ ਚਾਨਣਾ ਪਾਇਆ। ਸਰਪੰਚ ਸੁਖਵਿੰਦਰ ਸਿੰਘ ਚਹਿਲ ਨਿਹਾਲੂਵਾਲ, ਸਰਪੰਚ ਪ੍ਰਿਤਪਾਲ ਸਿੰਘ ਛੀਨੀਵਾਲ ਕਲਾਂ, ਪੰਚ ਨਿਰਮਲ ਸਿੰਘ ਪੰਡੋਰੀ, ਪੰਚਾਇਤ ਯੂਨੀਅਨ ਦੇ ਬਲਾਕ ਪ੍ਰਧਾਨ ਹਰਭੁਪਿੰਦਰ ਸਿੰਘ ਲਾਡੀ, ਸੀ.ਡੀ.ਪੀ.ਓ. ਸੁਰਿੰਦਰਪਾਲ ਕੌਰ, ਪੰਚ ਰਾਮ ਗੋਪਾਲ ਸਹਿਜੜਾ, ਪੰਚਾਇਤ ਅਫਸਰ ਭਜਨ ਸਿੰਘ ਭੋਤਨਾ ਨੇ ਵੀ ਵਿਚਾਰ ਰੱਖੇ। ਇਸ ਮੌਕੇ ਏ. ਡੀ. ਸੀ. ਹਰਪ੍ਰੀਤ ਸਿੰਘ ਗਰਚਾ ਦੇ ਅਚਾਨਕ ਬੇਵਕਤੀ ਮੌਤ ਉੱਪਰ ਦੋ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ।

## ਦੁਕਾਨਦਾਰ ਆਪਣਾ ਸਮਾਨ ਦੁਕਾਨਾਂ ਅੱਗੇ ਨਾ ਰੱਖਣ

ਫਗਵਾੜਾ, 9 ਜਨਵਰੀ (ਕਮਲ ਰਾਏ)-ਫਗਵਾੜਾ ਸ਼ਹਿਰ ਵਿੱਚ ਜਿਵੇਂ ਕਿ ਬੱਸ ਸਟੈਂਡ ਤੋਂ ਨਾਈਆਂ ਵਾਲਾ ਚੌਂਕ, ਨਾਈਆਂ ਵਾਲਾ ਚੌਂਕ ਤੋਂ ਬਾਸਾਂਵਾਲਾ ਬਜ਼ਾਰ, ਸਰਾਫਾਂ ਬਾਜ਼ਾਰ, ਲੋਹਾ ਮੰਡੀ ਵਗੈਰਾ ਦੇ ਬਜ਼ਾਰਾਂ ਵਿੱਚ ਬਹੁਤ ਸਾਰੇ ਦੁਕਾਨਦਾਰ ਆਪਣਾ ਸਮਾਨ ਆਪਣੀਆਂ ਦੁਕਾਨਾਂ ਦੇ ਅਗਾਂਹ ਵੱਲ ਨੂੰ ਵਧਾ-ਚੜ੍ਹਾਅ ਕੇ ਨਜਾਇਜ਼ ਤੌਰ 'ਤੇ ਰੱਖਦੇ ਹਨ ਅਤੇ ਕਈ ਦੁਕਾਨਦਾਰਾਂ ਅਤੇ ਗ੍ਰਾਹਕਾਂ ਵੱਲੋਂ ਥ੍ਰੀਵੀਲ੍ਹਰ, ਕਾਰ, ਸਕੂਟਰ, ਮੋਟਰ ਸਾਈਕਲ ਰੇਹੜੀਆਂ ਆਦਿ ਦੁਕਾਨਾਂ ਅੱਗੇ ਸਹੀ ਤਰੀਕੇ ਨਾਲ ਨਹੀਂ ਖੜ੍ਹੇ ਕੀਤੇ ਜਾਂਦੇ, ਜਿਸ ਕਾਰਨ ਰਸਤਾ ਕਾਫੀ ਤੰਗ ਹੋ ਜਾਂਦਾ ਹੈ ਅਤੇ ਆਵਾਜਾਈ ਵਿੱਚ ਬਹੁਤ ਵਿਘਨ ਪੈਂਦਾ ਹੈ। ਬਜ਼ਾਰਾਂ ਵਿੱਚ ਜਾਮ ਲੱਗ ਜਾਂਦੇ ਹਨ, ਜਿਸ ਕਾਰਨ ਐਕਸੀਡੈਂਟ, ਦੁਰਘਟਨਾ ਹੋਣ ਦਾ ਖਤਰਾ ਬਣਿਆ ਰਹਿੰਦਾ ਹੈ ਅਤੇ ਆਮ ਜਨਤਾ ਨੂੰ ਰਸਤੇ ਤੋਂ ਲੰਘਣ ਵਕਤ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਜਨਹਿਤ ਨੂੰ ਮੁੱਖ ਰੱਖਦੇ ਹੋਏ ਸ੍ਰੀ ਅਮਰਜੀਤ ਪਾਲ ਪੀ.ਸੀ.ਐੱਸ. ਉੱਪ ਮੰਡਲ ਮੈਜਿਸਟਰੇਟ ਫਗਵਾੜਾ ਨੇ ਫੌਜਦਾਰੀ ਜ਼ਾਬਤਾ ਸੰਘ 1973 ਦੀ ਧਾਰਾ144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਇਹ ਹੁਕਮ ਜਾਰੀ ਕੀਤੇ ਹਨ ਕਿ ਫਗਵਾੜਾ ਸ਼ਹਿਰ ਦੀ ਹਦੂਦ ਦੇ ਅੰਦਰ ਕੌਈ ਵੀ ਦੁਕਾਨਦਾਰ ਬਾਜ਼ਾਰਾਂ ਵਿੱਚ ਸਮਾਨ ਦੁਕਾਨ ਤੋਂ ਬਾਹਰ ਵੱਲ ਵਧਾਅ-ਚੜ੍ਹਾਅ ਕੇ ਨਹੀਂ ਰੱਖੇਗਾ ਅਤੇ ਦੁਕਾਨਦਾਰ ਜਾਂ ਹੋਰ ਵਿਅਕਤੀ ਆਪਣੇ ਵਹੀਕਲ ਥ੍ਰੀਵੀਲ੍ਹਰ, ਕਾਰਾਂ, ਸਕੂਟਰ, ਮੋਟਰ ਸਾਈਕਲ, ਰੇਹੜੀਆਂ)ਆਦ ਦੁਕਾਨਾਂ ਅੱਗੇ ਸਹੀ ਤਰੀਕੇ ਨਾਲ ਖੜ੍ਹਾ ਕਰਨਗੇ। ਉਕਤ ਹੁਕਮ ਮਿਤੀ 8-1-2010 ਤੋਂ ਮਿਤੀ 7-3-2010 ਤੱਕ ਲਾਗੂ ਰਹਿਣਗੇ।

## ਪਾਰਟੀ ਵੱਲੋਂ ਸੌਂਪੀ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਵਾਂਗੇ-ਨਾਹਰ ਸਿੰਘ



— ਸ੍ਰ. ਨਾਹਰ ਸਿੰਘ ਸਿੰਘ ਫੌਜੀ ਢਿੱਲਵਾਂ ਨੂੰ ਨਿਯੁਕਤੀ ਪੱਤਰ ਸੌਂਪਦੇ। (ਫੋਟੋ ਯਾਦੂ ਭੁੱਲਰ)

ਤਪਾ ਮੰਡੀ, 9 ਜਨਵਰੀ (ਯਾਦੂ ਭੁੱਲਰ)- ਪੁਰਾਣੇ ਅਤੇ ਟਕਸਾਲੀ ਕਾਂਗਰਸੀ ਆਗੂ ਨਾਹਰ ਸਿੰਘ ਫੌਜੀ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਕਿਸਾਨ ਖੇਤ ਮਜ਼ਦੂਰ ਸੈੱਲ ਬਲਾਕ ਸ਼ਹਿਣਾ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਜਿਸ ਸੰਬੰਧੀ ਬੀਤੇ ਦਿਨ ਇੱਕ ਸਾਦੇ (ਬਰਨਾਲਾ) ਸਮਾਗਮ ਪਿੰਡ ਢਿੱਲਵਾਂ ਵਿਖੇ ਆਯੋਜਿਤ ਕੀਤਾ ਗਿਆ। ਜਿਸ ਦੌਰਾਨ ਸ੍ਰ. ਨਾਹਰ ਸਿੰਘ ਫੌਜੀ ਨਿਵਾਸੀ ਪਿੰਡ ਢਿੱਲਵਾਂ ਨੂੰ ਸ੍ਰ. ਦਰਸ਼ਨ ਸਿੰਘ ਨੈਣੇਵਾਲ ਜ਼ਿਲ੍ਹਾ ਜਨਰਲ ਸਕੱਤਰ, ਅਮਰਜੀਤ ਸਿੰਘ ਖਾਲੀਵਾਲ ਪੰਜਾਬ ਜਾਇੰਟ ਸਕੱਤਰ ਅਤੇ ਜਗਤਾਰ ਸਿੰਘ ਧਨੌਲਾ, ਚੇਅਰਮੈਨ ਜ਼ਿਲ੍ਹਾ ਸ਼ਿਕਾਇਤ ਨਿਵਾਰਨ ਕਮੇਟੀ ਨੇ ਨਿਯੁਕਤ ਪੱਤਰ ਸੌਂਪਿਆ। ਇਸ ਮੌਕੇ ਜਗਤਾਰ ਸਿੰਘ ਢਿੱਲਵਾਂ, ਪਾਲਾ ਸਿੰਘ, ਗੁਰਚਰਨ ਸਿੰਘ, ਸਵਰਨ ਸਿੰਘ, ਗੁਰਮੇਲ ਸਿੰਘ, ਕੌਰ ਸਿੰਘ, ਸਮਸ਼ੇਰ ਸਿੰਘ ਤੋਂ ਇਲਾਵਾ ਹੋਰ ਕਾਂਗਰਸੀ ਵਰਕਰ ਮੌਜੂਦ ਸਨ। ਇਸ ਮੌਕੇ ਕਿਸਾਨ ਖੇਤ ਮਜ਼ਦੂਰ ਸੈੱਲ ਬਲਾਕ ਸ਼ਹਿਣਾ ਦੇ ਪ੍ਰਧਾਨ ਚੁਣੇ ਗਏ। ਨਾਹਰ ਸਿੰਘ ਫੌਜੀ ਨੇ ਹਾਈ ਕਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੈਂ ਪਾਰਟੀ ਵੱਲੋਂ ਸੌਂਪੀ ਗਈ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਵਾਂਗਾ ਅਤੇ ਸੈੱਲ ਦੀ ਹੋਰ ਮਜ਼ਬੂਤੀ ਲਈ ਦਿਨ-ਰਾਤ ਵੇਖੇ ਬਿਨਾਂ ਕੰਮ ਕਰਾਂਗਾ।

## ਡਾਕਘਰ ਬਚਤ ਸੇਵਾਵਾਂ ਦੀ ਜਾਣਕਾਰੀ ਦਿੱਤੀ

ਨੰਗਲ, 9 ਜਨਵਰੀ (ਧਰਮਪਾਲ, ਗੁਰਵਿੰਦਰ ਸਿੰਘ, ਜੰਡੀਰ)-ਮੇਹਰ ਚੰਦ ਕਾਲਜ ਆਫ ਐਜੂਕੇਸ਼ਨ ਭਨੂਪਲੀ ਵਿਖੇ ਡਾਕਘਰ 'ਚ ਵਿਭਿੰਨ ਬੱਚਤ ਸੇਵਾਵਾਂ ਬਾਰੇ ਮਹਿਮਾਨ ਭਾਸ਼ਣ ਕਰਵਾਇਆ ਗਿਆ, ਜਿਸ ਵਿੱਚ ਔਥੋਰਾਈਜ਼ ਏਜੰਟ ਪੋਸਟ ਆਫਸ ਆਰ ਸ੍ਰ. ਜਗਜੀਤ ਸਿੰਘ ਵਿਰਦੀ ਨੇ ਐੱਸ.ਐੱਸ. ਐੱਸ. ਦੇ ਵਿਦਿਆਰਥੀਆਂ ਨੂੰ ਡਾਕਘਰ ਦੇ ਵਿੱਚ ਮਿਲਣ ਵਾਲੀਆਂ ਬੱਚਤ ਸੇਵਾਵਾਂ ਦੀ ਜਾਣਕਾਰੀ ਦਿੱਤੀ, ਜਿਸ ਵਿੱਚ ਉਨ੍ਹਾਂ ਨੇ ਐੱਫ ਡੀ, ਆਰ ਡੀ. ਆਦਿ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਇਸ ਮੌਕੇ 'ਤੇ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਫਾਰਮ ਭਰਨ ਦੀ ਪ੍ਰਕਿਰਿਆ ਤੇ ਡਾਕਘਰ ਦੀਆਂ ਹੋਰ ਕਿਰਿਆਵਾ ਦੀ ਜਾਣਕਾਰੀ ਦਿੱਤੀ। ਸ੍ਰ. ਜਗਜੀਤ ਸਿੰਘ ਨੇ ਬੱਚਿਆਂ ਨੂੰ ਸਮਾਜਿਕ ਜੀਵਨ ਵਿੱਚ ਬੱਚਤ ਦੀ ਮਹੱਤਤਾ ਤੋਂ ਵੀ ਜਾਣੂ ਕਰਵਾਇਆ। ਇਸ ਮੌਕੇ 'ਤੇ ਪ੍ਰਿੰਸੀਪਲ ਡਾ. ਅਨਿਲ ਅਗਨੀਹੋਤਰੀ ਨੇ ਐੱਸ.ਐੱਸ.ਐੱਸ ਇੰਚਾਰਜ ਮੈਡਮ ਮਨਜੀਤ ਕੌਰ ਸਹਾਇਕ ਇੰਚਾਰਜ ਪ੍ਰੋ. ਬਲਵੀਰ ਸਿੰਘ, ਗੌਰਵ ਸ਼ਰਮਾ ਨੂੰ ਦੋ ਭਾਗਾਂ 'ਚ ਵੰਡੇ ਵਿਦਿਆਰਥੀਆਂ ਨਾਲ ਪਿੰਡ ਦੁਨਾਲ ਅਤੇ ਭਨੂਪਲੀ ਵਿਖੇ ਪਿੰਡ ਦੀਆਂ ਨਾਲੀਆਂ, ਗਲੀਆਂ ਦੀ ਸਫਾਈ ਲਈ ਰਵਾਨਾ ਕੀਤਾ। ਇਸ ਮੌਕੇ 'ਤੇ ਵਿਦਿਆਰਥੀਆਂ ਨੇ ਪਿੰਡ ਵਾਸੀਆਂ ਨੂੰ ਨਸ਼ੇ ਦੇ ਏਡਜ਼ ਅਤੇ ਸਵਾਈਨ ਫਲੂ ਵਰਗੀ ਭਿਆਨਕ ਬਿਮਾਰੀ ਤੋਂ ਵੀ ਜਾਣੂ ਕਰਵਾਇਆ। ਕਾਲਜ ਚੇਅਰਮੈਨ ਕੁਸ਼ਲ ਚੌਧਰੀ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ ਤੇ ਵਿਦਿਆਰਥੀਆਂ ਨੂੰ ਭਵਿੱਖ 'ਚ ਵੱਧ ਤੋਂ ਵੱਧ ਬੱਚਤ ਕਰਨ ਦੀ ਪ੍ਰੇਰਨਾ ਵੀ ਦਿੱਤੀ।

## ਪਬਲਿਕ ਸਪੋਰਟਸ ਕਲੱਬ ਵੱਲੋਂ 37ਵਾਂ ਟੂਰਨਾਮੈਂਟ 17 ਤੋਂ ਸ਼ੁਰੂ

ਭਦੌੜ, 9 ਜਨਵਰੀ (ਰਾਕੇਸ਼ ਗਰਗ ਰੌਕੀ)-ਪਬਲਿਕ ਸਪੋਰਟਸ ਕਲੱਬ ਰਜਿ. ਭਦੌੜ ਵੱਲੋਂ ਲਗਾਤਾਰ 37ਵਾਂ ਟੂਰਨਾਮੈਂਟ ਮਿਤੀ 17, 18, 19 ਜਨਵਰੀ ਨੂੰ ਭਦੌੜ ਦੇ ਸਟੇਡੀਅਮ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਖੇਡ ਮੇਲੇ ਵਿੱਚ ਕਬੱਡੀ, ਕੁਸ਼ਤੀਆਂ, ਵਾਲੀਬਾਲ ਸ਼ੂਟਿੰਗ, ਉਪਨ ਅਥਲੈਟਿਕਸ, ਟਰਾਲੀ ਬੈਕ ਦੇ ਮੁਕਾਬਲੇ ਕਰਵਾਏ ਜਾ ਰਹੇ ਹਨ। ਕਲੱਬ ਦੇ ਸਹਾਇਕ ਪ੍ਰੈੱਸ ਸਕੱਤਰ ਸੁਖਵਿੰਦਰ ਸਿੰਘ ਪਲਾਹਾ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਕਿ ਕਬੱਡੀ 52 ਕਿਲੋ ਨੂੰ ਪਹਿਲਾ ਇਨਾਮ 6000 ਰੁਪਏ ਦੂਸਰਾ ਇਨਾਮ 4500 ਕਬੱਡੀ 57 ਕਿਲੋ ਨੂੰ ਪਹਿਲਾ ਇਨਾਮ 7500 ਰੁਪਏ ਦੂਸਰਾ ਇਨਾਮ 6000 ਰੁਪਏ ਕਬੱਡੀ 65 ਕਿਲੋ ਨੂੰ ਪਹਿਲਾ ਇਨਾਮ 9100 ਰੁਪਏ ਤੇ ਦੂਸਰਾ ਇਨਾਮ 7500 ਰੁਪਏ ਦਿੱਤੇ ਜਾਣਗੇ। ਸਭ ਤੋਂ ਵੱਡਾ ਇਨਾਮ ਕਬੱਡੀ ਉਪਨ ਫਸਟ ਨੂੰ 41000 ਰੁਪਏ ਤੇ ਸੈਕਿੰਡ ਨੂੰ 31000 ਰੁਪਏ ਦਿੱਤੇ ਜਾਣਗੇ ਅਤੇ ਕਲੱਬ ਵੱਲੋਂ ਕਬੱਡੀ ਉਪਨ ਨੂੰ ਬਾਹਰਲੀ ਕਿਸੇ ਵੀ ਟੀਮ ਦਾ ਇੱਕ ਖਿਡਾਰੀ ਪਾਉਣ ਦੀ ਇਜਾਜ਼ਤ ਹੋਵੇਗੀ। ਨਸ਼ਾ ਕਰਕੇ ਖੇਡਣ ਵਾਲੇ 'ਤੇ ਕਲੱਬ ਨੂੰ ਇਤਰਾਜ਼ ਹੋਵੇਗਾ ਅਤੇ ਉਸ ਖਿਡਾਰੀ ਨੂੰ ਖੇਡਣ ਤੋਂ ਰੋਕਿਆ ਜਾਵੇਗਾ। ਇਸੇ ਤਰ੍ਹਾਂ ਹੀ ਇਸ ਟੂਰਨਾਮੈਂਟ ਵਿੱਚ ਅਥਲੈਟਿਕਸ 800 ਮੀਟਰ ਦੌੜ 400 ਮੀਟਰ ਦੌੜ, 200 ਮੀਟਰ ਦੌੜ, 100 ਮੀਟਰ ਦੌੜ ਦੇ ਮੁਕਾਬਲੇ ਕਰਵਾਏ ਜਾਣਗੇ। ਬਾਹਰੋਂ ਆਏ ਖਿਡਾਰੀਆਂ ਵਾਸਤੇ ਲੰਗਰ ਅਤੁੱਟ ਵਰਤੇਗਾ। ਇਸ ਮੌਕੇ ਬਖਸ਼ੀਸ ਸਿੰਘ ਧਾਲੀਵਾਲ, ਬਲੌਰ ਸਿੰਘ ਧਾਲੀਵਾਲ, ਜਸਵੀਰ ਸਿੰਘ ਧੰਮੀ ਪ੍ਰਧਾਨ ਨਗਰ ਕੌਂਸਲ ਭਦੌੜ, ਡਾ. ਦਲਜੀਤ ਸਿੰਘ, ਸੁਰਜੀਤ ਸਿੰਘ ਗੁੰਦਾਰਾ ਹਾਜ਼ਰ ਸਨ।

## ਮੋਬਾਇਲ ਚੁੱਕਣ ਵਾਲੇ ਵਿਅਕਤੀ ਵਿਰੁੱਧ ਮੁਕੱਦਮਾ ਦਰਜ

ਕੂੰਮਕਲਾਂ, 9 ਜਨਵਰੀ ( ਬੌਬੀ ਖੋਸਲਾ)-ਕੂੰਮਕਲਾਂ ਪੁਲਿਸ ਨੇ ਇੱਕ ਅਜਿਹੇ ਵਿਅਕਤੀ ਵਿਰੁੱਧ ਮੁਕੱਦਮਾ ਦਰਜ ਕੀਤਾ ਹੈ। ਜਿਸ ਨੇ ਕਿਸੇ ਦੂਜੇ ਦੇ ਘਰ ਦਾਖਲ ਹੋ ਕੇ ਉਥੋਂ ਦੋ ਕੀਮਤੀ ਮੋਬਾਇਲ ਚੁੱਕ ਲਏ। ਜਾਣਕਾਰੀ ਅਨੁਸਾਰ ਪਿੰਡ ਨੱਥੂ ਭੈਣੀਆ ਵਾਸੀ ਕੁਲਦੀਪ ਸਿੰਘ ਪੁੱਤਰ ਅਜਮੇਰ ਸਿੰਘ ਨੇ ਦੋਸ਼ ਲਗਾਇਆ ਕਿ ਜਦੋਂ ਘਰ ਵਿੱਚ ਉਹ ਅਤੇ ਉਸਦਾ ਭਰਾ ਸੁੱਤੇ ਪਏ ਸਨ ਤਾਂ ਬਲਵੰਤ ਸਿੰਘ ਪੁੱਤਰ ਸੁਰਜੀਤ ਸਿੰਘ ਨੇ ਘਰ ਵਿੱਚ ਦਾਖਲ ਹੋ ਕੇ ਉੱਥੇ ਪਏ ਮੋਬਾਇਲ ਚੁਰਾ ਲਏ। ਪੁਲਿਸ ਨੇ ਉਕਤ ਦੋਸ਼ੀ ਜੋ ਪਿੰਡ ਕੀਮਾ ਭੈਣੀਆਂ ਦਾ ਵਾਸੀ ਹੈ, ਵਿਰੁੱਧ ਧਾਰਾ 457, 380 ਤਹਿਤ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਵੱਧਦੀ ਮਹਿੰਗਾਈ ਨੇ ਗਰੀਬਾਂ ਦਾ ਜਿਊਣਾ ਮੁਹਾਲ ਕੀਤਾ-ਗੁਰਮੀਤ ਕਾਲਾਝਾੜ

ਭਵਾਨੀਗੜ੍ਹ, 9 ਜਨਵਰੀ (ਲਖਵਿੰਦਰ ਪਾਲ ਗਰਗ)-ਸਥਾਨਕ ਤਹਿਸੀਲ ਕੰਪਲੈਕਸ 'ਚ ਅੱਜ ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਵੱਲੋਂ ਨਿੱਤ ਦੀ ਵੱਧ ਰਹੀ ਮਹਿੰਗਾਈ ਨੂੰ ਲੈ ਕੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਭੂਪ ਚੰਦ ਚੰਨੋ ਦੀ ਅਗਵਾਈ ਹੇਠ ਰੋਸ ਮਾਰਚ ਕੱਢਦਿਆਂ ਧਰਨਾ ਦਿੱਤਾ। ਇਸ ਮੌਕੇ ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਕਨਵੀਨਰ ਗੁਰਮੀਤ ਸਿੰਘ ਕਾਲਾਝਾੜ ਨੇ ਕਿਹਾ ਕਿ ਨਿੱਤ ਦੀ ਵੱਧ ਰਹੀ ਮਹਿੰਗਾਈ ਨੇ ਮੱਧ ਵਰਗ ਦੇ ਨਾਲ-ਨਾਲ ਗਰੀਬ ਵਰਗ ਜਿਸ 'ਚ ਖਾਸ ਤੌਰ 'ਤੇ ਮਜ਼ਦੂਰ ਵਿਅਕਤੀਆਂ ਦਾ ਜੀਉਣਾ ਮੁਸ਼ਕਲ ਹੋ ਗਿਆ ਹੈ। ਇਸ ਮੌਕੇ ਯੂਨੀਅਨ ਵੱਲੋਂ ਨਾਇਬ ਤਹਿਸੀਲਦਾਰ ਸੁਲੇਂਦਰ ਸਿੰਘ ਨੂੰ ਇੱਕ ਮੰਗ ਪੱਤਰ ਵੀ ਦਿੱਤਾ ਗਿਆ, ਜਿਸ ਵਿੱਚ ਮਜ਼ਦੂਰਾਂ ਨੇ ਸਰਕਾਰ ਕੋਲੋਂ ਕਈ ਮੰਗਾਂ ਮੰਗੀਆਂ ਹਨ। ਜਿਨ੍ਹਾਂ 'ਚ ਮਜ਼ਦੂਰਾਂ ਨੂੰ ਸਸਤੇ ਭਾਅ ਦੇ ਡਿਪੂਆਂ ਤੋਂ ਆਟਾ, ਦਾਲ, ਚਾਹ ਪੱਤੀ, ਖੰਡ, ਗੁੜ, ਘੀ, ਸਾਬਣ ਆਦਿ ਤੋਂ ਇਲਾਵਾ ਨਿੱਤ ਵਰਤੋਂ ਦੀਆਂ ਚੀਜ਼ਾਂ ਮਿਲਣੀਆਂ ਚਾਹੀਦੀਆਂ ਹਨ ਅਤੇ ਸਰਕਾਰ ਵੱਲੋਂ ਮਜ਼ਦੂਰਾਂ ਨੂੰ ਪੀਣ ਲਈ ਸਾਫ ਪਾਣੀ ਮੁਹੱਈਆ ਕਰਵਾਇਆ ਜਾਵੇ ਤੇ ਮਜ਼ਦੂਰਾਂ ਦੀ ਬਿਜਲੀ ਮਾਫ ਕੀਤੀ ਜਾਵੇ। ਇਸ ਮੌਕੇ ਕਾਮਰੇਡ ਰਾਮ ਸਿੰਘ ਸੋਹੀਆ, ਪ੍ਰਧਾਨ ਪੱਲੇਦਾਰ ਯੂਨੀਅਨ, ਚੰਦ ਸਿੰਘ ਰਾਮਪੁਰ, ਮਨਜ਼ੂਰ ਖਾਨ ਨਿਦਾਮਪੁਰ, ਗੁਰਮੇਲ ਸਿੰਘ ਦੁੱਗਾ, ਦਵਿੰਦਰ ਸਿੰਘ ਨੂਰਪੁਰ ਆਦਿ ਹਾਜ਼ਰ ਸਨ।

## ਕਾਂਗਰਸ ਦੀ ਭਰਤੀ ਮੁਹਿੰਮ ਨੂੰ ਮਿਲ ਰਿਹਾ ਭਰਵਾਂ ਹੁੰਗਾਰਾ-ਅੰਮ੍ਰਿਤਪਾਲ

ਨੰਗਲ, 9 ਜਨਵਰੀ (ਧਰਮ ਪਾਲ, ਗੁਰਵਿੰਦਰ ਜੰਡੀਰ)-ਕਾਂਗਰਸ ਪਾਰਟੀ ਵੱਲੋਂ ਸ਼ੁਰੂ ਕੀਤੀ ਮੈਂਬਰਸ਼ਿਪ ਸਕੀਮ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਇਹੀ ਕਾਰਨ ਹੈ ਕਿ ਹਰ ਪਿੰਡ ਵਿੱਚੋਂ ਸੈਂਕੜੇ ਲੋਕ ਜੋ ਕਾਂਗਰਸ ਪਾਰਟੀ ਨਾਲ ਪਿਆਰ ਕਰਦੇ ਹਨ, ਇਸ ਸਕੀਮ ਅਧੀਨ ਫਾਰਮ ਭਰ ਰਹੇ ਹਨ। ਇਨ੍ਹਾਂ ਗੱਲਾਂ ਦਾ ਪ੍ਰਗਟਵਾ ਅੰਮ੍ਰਿਤਪਾਲ ਧੀਮਾਨ ਪ੍ਰਧਾਨ ਬਲਾਕ ਕਾਂਗਰਸ ਗੋਲਣੀ ਨੇ ਪਿੰਡ ਸੁਖਸਾਲ ਵਿੱਚ ਇਸ ਸਕੀਮ ਅਧੀਨ ਪਿੰਡ ਵਾਸੀਆਂ ਦੇ ਫਾਰਮ ਭਰਨ ਮੌਕੇ ਕਹੇ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਦਾ ਹਰ ਛੋਟਾ ਵੱਡਾ ਵਰਕਰ ਇਸ ਕੰਮ ਵਿਚ ਰੁਝਾ ਹੋਇਆ ਹੈ। ਉਨ੍ਹਾਂ ਕਿਹਾ ਕਿ ਇਹ ਵੀ ਪਤਾ ਲੱਗਦਾ ਹੈ ਕਿ ਪੰਜਾਬ ਦੇ ਲੋਕ ਅਕਾਲੀ-ਭਾਜਪਾ ਦੀਆਂ ਲੋਕ ਮਾਰੂ ਨੀਤੀਆਂ ਤੋਂ ਤੰਗ ਆ ਚੁੱਕੇ ਹਨ।

## ਘੁੰਮਣ ਗਰੁੱਪ ਨੇ ਐੱਨ. ਕੇ. ਛਿੱਬੜ ਨੂੰ ਬਾਰ ਪ੍ਰਧਾਨਗੀ ਲਈ ਉਮੀਦਵਾਰ ਐਲਾਨਿਆ

ਲੁਧਿਆਣਾ, 9 ਜਨਵਰੀ (ਰਾਜ ਜੋਸ਼ੀ)-ਜ਼ਿਲ੍ਹਾ ਬਾਰ ਐਸੋਸੀਏਸ਼ਨ ਦੀਆਂ 15 ਜਨਵਰੀ ਨੂੰ ਹੋ ਰਹੀਆਂ ਚੋਣਾਂ ਲਈ ਜ਼ਿਲ੍ਹਾ ਕਚਹਿਰੀ ਪ੍ਰੀਸ਼ਦ ਵਿੱਚ ਜਿੱਥੇ ਗਹਿਮਾਂ ਗਹਿਮੀ ਹੋ ਗਈ ਹੈ। 7 ਜਨਵਰੀ ਨੂੰ ਸ਼ਾਮ ਤੱਕ ਕਾਗਜ਼ਾਤ ਦਾਖਲ ਕਰਨ ਨਾਲ ਨਾਮਜ਼ਦਗੀਆਂ ਦਾ ਕੰਮ ਪੂਰਾ ਹੋਇਆ। ਜਿਸ ਵਿੱਚ ਹੁਣ ਤੱਕ ਵਕੀਲਾਂ ਵੱਲੋਂ ਵੱਖ-ਵੱਖ ਅਹੁਦਿਆਂ ਲਈ ਕਾਗਜ਼ ਦਾਖਲ ਕੀਤੇ। ਰਿਟਰਨਿੰਗ ਅਫਸਰ ਹਰਪ੍ਰੀਤ ਸਿੰਘ ਮੱਕੜ ਨੇ ਇਸ ਸੰਬੰਧੀ ਦੱਸਿਆ ਕਿ 5 ਵਕੀਲਾਂ ਨੇ ਡੀ .ਬੀ.ਏ. ਦੀ ਪ੍ਰਧਾਨਗੀ ਲਈ 6 ਨੇ ਸਕੱਤਰੀ ਲਈ, 4 ਨੇ ਸਹਿ ਸਕੱਤਰੀ ਲਈ, 4 ਨੇ ਵਿੱਤ ਸਕੱਤਰੀ ਲਈ ਅਤੇ 10 ਨੇ ਐਗਜ਼ੀਕਿਓਟਿਵ ਮੈਂਬਰੀ ਲਈ ਕਾਗਜ਼ ਦਾਖਲ ਕੀਤੇ ਹਨ। ਪ੍ਰਧਾਨਗੀ ਦੀ ਦੌੜ ਵਿੱਚ ਨਵਲ ਕਿਸ਼ੋਰ ਛਿੱਬੜ, ਅਨਿਲ ਕੌਸ਼ਲ, ਅਸ਼ੋਕ ਮਿੱਤਲ, ਐੱਸ.ਕੇ. ਪਾਠਕ ਤੇ ਰਾਣਾ ਹਰ ਜਸਦੀਪ ਸ਼ਾਮਲ ਹਨ। ਸਕੱਤਰੀ ਲਈ ਗੁਰਪ੍ਰੀਤ ਸਿੰਘ ਵਿਰਕ, ਗੁਰਮੀਤ ਸਿੰਘ ਘੁੰਮਣ, ਦੀਪਜੋਤ ਸਿੰਘ ਆਹਲੂਵਾਲੀਆ, ਜਗਮੋਹਣ ਸਿੰਘ ਸੰਘੇ, ਸੰਜੀਵ ਮਲਹੋਤਰਾ ਤੇ ਜਗਦੀਪ ਸਿੰਘ ਨੇ ਕਾਗਜ਼ ਦਾਖਲ ਕੀਤੇ ਹਨ। ਮੀਤ ਪ੍ਰਧਾਨਗੀ 6 ਐੱਨ.ਡੀ. ਚੋਪੜਾ, ਵਿਜੇ ਭਾਟੀਆ ਤੇ ਹਰਜਿੰਦਰ ਸਿੰਘ ਨਾਰੰਗ ਸ਼ਾਮਲ ਹਨ। ਸਹਿ-ਸਕੱਤਰ ਲਈ ਆਈ.ਪੀ. ਐੱਸ. ਸੱਭਰਵਾਲ, ਵਿਸ਼ਾਲ ਤਿਵਾੜੀ, ਜਸਪ੍ਰੀਤ ਸਿੰਘ ਜੱਸੋਵਾਲ ਅਤੇ ਸੰਦੀਪ ਕੌਰ ਅਤੇ ਵਿੱਤ ਸਕੱਤਰ ਲਈ ਸੁਨੀਲ ਗੁਲਾਟੀ, ਸੰਦੀਪ ਅਰੋੜਾ, ਵਰਿੰਦਰਜੀਤ ਸਿੰਘ ਰੰਧਾਵਾ ਅਤੇ ਰਕੇਸ਼ ਅਰੋੜਾ ਸ਼ਾਮਲ ਸਨ। ਅੱਜ ਕਾਗਜ਼ਾਂ ਦੀ ਸਿਕਰਿਓਰਟੀ ਉਪਰੰਤ 9 ਜਨਵਰੀ ਨੂੰ ਕਾਗਜ਼ ਵਾਪਸ ਲਏ ਜਾ ਸਕਦੇ ਹਨ। ਡੀ.ਬੀ.ਏ. ਦੇ ਮੌਜੂਦਾ ਪ੍ਰਧਾਨ ਪਰਉਪਕਾਰ ਸਿੰਘ ਘੁੰਮਣ ਐਡਵੋਕੇਟ ਨਵਲ ਕਿਸ਼ੋਰ ਛਿੱਬੜ ਨਾਲ ਕਾਗਜ਼ ਦਾਖਲ ਕਰਾਉਣ ਲਈ ਗਏ ਤੇ ਉਨ੍ਹਾਂ ਦਾ ਮੂੰਹ ਮਿੱਠਾ ਕਰਵਾਇਆ। ਇਸ ਸਮੇਂ ਭਾਰੀ ਗਿਣਤੀ 'ਚ ਵਕੀਲਾਂ ਤੋਂ ਇਲਾਵਾ ਕੰਵਲਜੀਤ ਸਿੰਘ ਸ਼ਰਮਾ, ਅਜੇ ਜਿੰਦਲ, ਬੀ.ਕੇ. ਬਫਜਾ, ਬੀ.ਕੇ. ਰਾਮਪਾਲ, ਜਗਮੋਹਨ ਸਿੰਘ ਬੜੈਚ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

## ਨੰਬਰਦਾਰਾਂ ਦੀ ਮੀਟਿੰਗ ਆਯੋਜਿਤ

ਮੌੜ ਮੰਡੀ, 9 ਜਨਵਰੀ (ਸ਼ਾਮ ਲਾਲ ਜੋਧਪੁਰੀਆ)-ਮੌੜ ਮੰਡੀ ਬਾਲਕ ਦੇ ਨੰਬਰਦਾਰਾਂ ਦੀ ਇੱਕ ਮੀਟਿੰਗ ਹੋਈ, ਜਿਸ ਵਿੱਚ ਵੱਡੀ ਗਿਣਤੀ ਵਿੱਚ ਨੰਬਰਦਾਰ ਨੇ ਭਾਗ ਲਿਆ। ਇਸ ਮੌਕੇ 'ਤੇ ਨੰਬਰਦਾਰ ਯੂਨੀਅਨ ਮੌੜ ਦੇ ਪ੍ਰਧਾਨ ਹਰਭਜਨ ਸਿੰਘ ਬਰਾੜ ਨੇ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਨਵੇਂ ਸਾਲ ਦੀ ਵਧਾਈ ਦਿੱਤੀ ਅਤੇ ਇਨ੍ਹਾਂ ਨੇ ਕਿਹਾ ਕਿ ਹਰੇਕ ਪਿੰਡ ਦੇ ਨੰਬਰਦਾਰਾਂ ਨੂੰ ਆਪਣਾ ਕੰਮ ਮਿਹਨਤ ਅਤੇ ਇਮਾਨਦਾਰੀ ਨਾਲ ਕਰਨ ਦੀ ਪ੍ਰੇਰਨਾ ਦਿੱਤੀ। ਇਨ੍ਹਾਂ ਨੇ ਕਿਹਾ ਕਿ ਮੌੜ ਬਲਾਕ ਸੱਤ-ਸੱਤ ਪਿੰਡਾਂ ਦੇ ਜ਼ੋਨ ਬਣਾਏ ਜਾਣਗੇ। ਇਸ ਨਵੇਂ ਨਿਯਮਾਂ ਅਨੁਸਾਰ ਜੇਕਰ ਕਿਸੇ ਨੰਬਰਦਾਰ ਨੂੰ ਕੋਈ ਸਮੱਸਿਆ ਆਉਂਦੀ ਹੈ ਤਾਂ ਉਹ ਜ਼ੋਨਲ ਇੰਚਾਰਜ ਨਾਲ ਗੱਲ ਕਰ ਸਕਦਾ ਹੈ।

## ਉਗਰਾਹਾਂ ਗਰੁੱਪ ਦੀ ਭੀਖੀ ਇਕਾਈ ਸਿੱਧੂਪੁਰ ਗਰੁੱਪ 'ਚ ਸ਼ਾਮਲ

ਭੀਖੀ, 9 ਜਨਵਰੀ-(ਪ.ਪ.)- ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਗਰੁੱਪ ਨੂੰ ਅਲਵਿਦਾ ਕਹਿ ਕੇ ਸਿੱਧੂਪੁਰ ਗਰੁੱਪ ਵਿੱਚ ਸ਼ਾਮਲ ਹੋਏ ਗੁਰਚਰਨ ਸਿੰਘ ਭੀਖੀ ਦੀ ਹਮਾਇਤ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਏਕਤਾ ਦੀ ਪਿੰਡ ਇਕਾਈ ਤੋਂ ਇਲਾਵਾ ਡਕੌਂਦਾ ਗਰੁੱਪ ਦੇ ਕੁਝ ਆਗੂਆਂ ਵਲੋਂ ਬੀਕੇਯੂ ਸਿੱਧੂਪੁਰ ਵਿੱਚ ਸ਼ਾਮਲ ਹੋਣ ਦਾ ਫੈਸਲਾ ਕੀਤਾ ਹੈ। ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੀ ਬਲਾਕ ਪ੍ਰਧਾਨ ਜਗਜੀਤ ਸਿੰਘ ਢੈਪਈ ਅਤੇ ਦਲੀਪ ਸਿੰਘ ਭੀਖੀ ਦੀ ਅਗੁਵਾਈ ਹੇਠ ਹੋਈ ਮੀਟਿੰਗ ਵਿੱਚ ਯੂਨੀਅਨ ਆਗੂ ਮੁਖਤਿਆਰ ਸਿੰਘ, ਨਿਰੰਜਨ ਸਿੰਘ, ਮੱਖਣ ਸਿੰਘ, ਰਮਲਾ ਸਿੰਘ, ਬੇਅੰਤ ਸਿੰਘ, ਹਰਭਜਨ ਸਿੰਘ, ਚਰਨਾ ਸਿੰਘ, ਮੋਦਨ ਸਿੰਘ, ਬੰਤ ਸਿੰਘ, ਹਰਜਿੰਦਰ ਸਿੰਘ, ਸਤਗੁਰ ਸਿੰਘ ਅਤੇ ਗੁਰਬਚਨ ਸਿੰਘ ਨੇ ਉਗਰਾਹਾਂ ਗੁੱਟ ਅਤੇ ਮਿੱਠੂ ਸਿੰਘ ਅਤੇ ਬੰਤ ਸਿੰਘ ਨੇ ਡਕੌਂਦਾ ਗਰੁੱਪ ਨੂੰ ਅਲਵਿਦਾ ਕਹਿ ਕੇ ਸਿੱਧੂਪੁਰ ਗਰੁੱਪ ਦੀਆਂ ਕਿਸਾਨ ਪੱਖੀ ਨੀਤੀਆਂ ਨਾਲ ਸਹਿਮਤ ਹੁੰਦਿਆਂ ਇਸ ਜਥੇਬੰਦੀ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ ਹੈ। ਬਲਾਕ ਪ੍ਰਧਾਨ ਜਗਜੀਤ ਸਿੰਘ ਢੈਪਈ ਨੇ ਯੂਨੀਅਨ ਚ ਸ਼ਾਮਲ ਹੋਏ ਵਰਕਰਾਂ ਦਾ ਸਵਾਗਤ ਕੀਤਾ ਹੈ। ਇਸ ਮੌਕੇ ਗੁਰਚਰਨ ਸਿੰਘ ਭੀਖੀ ਨੇ ਕਿਹਾ ਕਿ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੀ ਭ੍ਰਿਸ਼ਟ ਲੀਡਰਸ਼ਿਪ ਦੀਆਂ ਕਿਸਾਨ ਵਿਰੋਧੀ ਨੀਤੀਆਂ ਨੂੰ ਸਮਝਣਾ ਸਮੇਂ ਦੀ ਮੁੱਖ ਲੋੜ ਹੈ।



ਤਪਾ ਵਿਖੇ ਭਾਰੀ ਠੰਢ ਕਾਰਨ ਅੱਗ ਸੇਕ ਦੇ ਦੁਕਾਨਦਾਰ। ਫੋਟੋ- ਯਾਦੂ ਭੁੱਲਰ

## ਪੰਜਾਬ ਵਿਚ ਵਿਕਾਸ ਕਾਰਜ ਕੇਂਦਰ ਦੀ ਯੂਪੀਏ ਸਰਕਾਰ ਵਲੋਂ ਜਾਰੀ ਗ੍ਰਾਂਟਾਂ ਨਾਲ ਹੀ ਚੱਲ ਰਹੇ ਹਨ-ਧਰਮਸੋਤ, ਰਾਏ

ਫਤਿਹਗੜ੍ਹ ਸਾਹਿਬ, 9 ਜਨਵਰੀ (ਪਰਦੀਪ ਸਿੰਘ) : ਪੰਜਾਬ ਦੀ ਅਕਾਲੀ ਭਾਜਪਾ ਗਠਜੋੜ ਸਰਕਾਰ ਦੇ ਰਾਜ ਦੇ ਲੋਕਾ ਨੂੰ ਮੁਢਲੀਆਂ ਸਹੂਲਤਾਂ ਦੇਣ ਵਿਚ ਅਸਫਲ ਰਹੀ ਹੈ ਜਿਸ ਕਾਰਨ ਹਰੇਕ ਵਰਗ ਦੇ ਲੋਕ ਦੁਖੀ ਹਨ । ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕੇਂਦਰ ਦੀ ਯੂਪੀਏ ਸਰਕਾਰ ਤੇ ਹਰ ਸਮੇਂ ਇਹ ਦੋਸ਼ ਲਗਾਉਦੇ ਹਨ ਕਿ ਉਸਨੇ ਪੰਜਾਬ ਨਾਲ ਮਤਰੇਈ ਮਾਂ ਵਾਲਾ ਵਿਵਹਾਰ ਕੀਤਾ ਹੈ ਜਦਕਿ ਪੰਜਾਬ ਵਿਚ ਜੋ ਵੀ ਵਿਕਾਸ ਕਾਰਜ ਚੱਲ ਰਹੇ ਹਨ ਉਹ ਕੇਂਦਰ ਦੀ ਯੂਪੀਏ ਸਰਕਾਰ ਵਲੋਂ ਜਾਰੀ ਗ੍ਰਾਂਟਾਂ ਨਾਲ ਹੀ ਚੱਲ ਰਹੇ ਹਨ। ਇਹ ਪ੍ਰਗਟਾਵਾ ਵਿਧਾਇਕ ਸਾਧੂ ਸਿੰਘ ਧਰਮਸੋਤ ਅਤੇ ਜਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਲਖਵੀਰ ਸਿੰਘ ਰਾਏ ਨੇ ਸਰਹਿੰਦ ਵਿਖੇ ਖਮਾਣੋਂ ਤੇ ਮੰਡੀ ਗੋਬਿੰਦਗੜ੍ਹ ਦਿਹਾਤੀ ਦੀਆਂ ਕਾਂਗਰਸ ਪਾਰਟੀ ਦੀ ਭਰਤੀ ਦੇ ਫਾਰਮ ਲੈਣ ਦੌਰਾਨ ਕੀਤਾ। ਉਨ੍ਹਾ ਕਿਹਾ ਕਿ ਸਰਕਾਰ ਤੋਂ ਲੋਕਾ ਦਾ ਮੋਹ ਭੰਗ ਹੋ ਗਿਆਂ ਹੈ ਜਿਸਦੀ ਮਿਸਾਲ ਕਾਂਗਰਸ ਪਾਰਟੀ ਵਿਚ ਲੋਕਾਂ ਦੀ ਭਾਰੀ ਗਿਣਤੀ ਵਿਚ ਸ਼ਮੂਲੀਅਤ ਹੈ। ਪੰਜਾਬ ਵਿਚ ਬਿਜਲੀ ਦੇ ਲੰਬੇ ਕੱਟਾ ਕਾਰਨ ਹਰ ਪਾਸੇ ਹਾਹਾਕਾਰ ਮਚੀ ਹੋਈ ਹੈ। ਉਦਯੋਗ ਬੰਦ ਹੋਣ ਕਿਨਾਰੇ ਹਨ ਅਤੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕਹਿ ਰਹੇ ਹਨ ਕਿ ਉਨ੍ਹਾ ਕੋਲ ਜਾਦੂ ਦੀ ਛੜੀ ਨਹੀ ਹੈ ਜਿਸ ਨਾਲ ਬਿਜਲੀ ਸੰਕਟ ਦੂਰ ਕੀਤਾ ਜਾ ਸਕੇ। ਜੇਕਰ ਪੰਜਾਬ ਦੀ ਅਕਾਲੀ-ਭਾਜਪਾ ਗਠਜੋੜ ਸਰਕਾਰ ਜਨਤਾ ਨੂੰ ਬਿਜਲੀ ਦੀ ਸੰਕਟ ਤੋਂ ਰਾਹਤ ਨਹੀ ਦਿਵਾ ਸਕਦੀ ਤਾਂ ਸਰਕਾਰ ਨੂੰ ਅਸਤੀਫਾ ਦੇ ਦੇਣਾਂ ਚਾਹੀਦਾ ਹੈ। ਉਨ੍ਹਾ ਕਿਹਾ ਕਿ ਪੰਜਾਬ ਵਿਚ ਹਰ ਪਾਸੇ ਵਿਕਾਸ ਕਾਰਜ ਠੱਪ ਪਏ ਹਨ ,ਲੋਕ ਇੰਨਸਾਫ ਲਈ ਦਰ-ਦਰ ਦੀਆਂ ਠੋਕਰਾਂ ਖਾ ਰਹੇ ਹਨ ,ਵਧ ਰਹੀਆਂ ਲੁੱਟ ਦੀਆਂ ਵਾਰਦਾਤਾਂ ਕਾਰਨ ਲੋਕਾ ਵਿਚ ਡਰ ਤੇ ਸਹਿਮ ਦਾ ਮਾਹੋਲ ਹੈ। ਪਿਛਲੇ ਢਾਈ ਸਾਲ ਤੋਂ ਪੰਜਾਬ ਸਰਕਾਰ ਜਨਤਾਂ ਨੂੰ ਲਾਰੇ ਲਾ ਰਹੀ ਹੈ ਕਿ ਬਿਜਲੀ ਦੇ ਵੱਡੇ ਵੱਡੇ ਪ੍ਰੋਜੇਕਟ ਲਾਏ ਜਾ ਰਹੇ ਹਨ ਜਿਸ ਨਾਲ ਚੌਵੀ ਘੰਟੇ ਬਿਜਲੀ ਮਿਲੇਗੀ, ਪਰ ਹਾਲੇ ਤੱਕ ਇਕ ਵੀ ਪ੍ਰੋਜੇਕਟ ਸ਼ੁਰੂ ਨਹੀ ਹੋਇਆ। ਇਸ ਮੋਕੇ ਭੁਪਿੰਦਰ ਸਿੰਘ ਸਰਪੰਚ ਪਿੰਡ ਬਧੌਛੀ, ਸਾਧੂਰਾਮ ਭੱਟਮਾਜਰਾ, ਜੈ ਸਿੰਘ , ਹਰਮਿੰਦਰ ਸਿੰਘ ਕੰਗ, ਦਮਨਜੀਤ ਸਿੰਘ ਆੜਤੀ ਭੱਲਮਾਜਰਾ, ਰਣਜੀਤ ਸਿੰਘ ਘੋਲਾ , ਕਰਮ ਸਿੰਘ, ਗਗਨਦੀਪ ਸਿੰਘ ਸਮਸ਼ੇਰਨਗਰ, ਰਣਦੀਪ ਲਾਡੀ , ਸ਼ਿੰਦਰਾ ਪੰਜੋਲੀ, ਰਣਜੀਤ ਸਿੰਘ ਪੰਜੋਲੀ ਅਤੇ ਹੋਰ ਹਾਜਰ ਸਨ।

## 17ਵਾਂ ਸੱਭਿਆਚਾਰਕ ਸਾਲਾਨਾ ਮੇਲਾ ਕਰਵਾਇਆ

ਧਨੌਲਾ, 9 ਜਨਵਰੀ (ਦਰਸ਼ਨ ਸਿੰਘ ਬੰਗੜ੍ਹ) ਯੁਵਕ ਸੇਵਾਵਾਂ ਕਲੱਬ (ਰਾਜਿ:) ਕੋਠੇ ਰਾਜਿੰਦਰਪੁਰਾ ਵਲੋਂ ਆਪਣਾ ਸਲਾਨਾ 17ਵਾਂ ਸੱਭਿਆਚਾਰਕ ਮੇਲਾ ਸਵ: ਗਾਇਕ ਲਖਵਿੰਦਰ ਲੱਖਾ ਧਨੌਲਾ 'ਤੇ ਸਵ: ਰਣਜੀਤ ਲਾਡੀ ਲਿੱਦੜਾ ਨੂੰ ਸਮਰਪਿਤ ਸਥਾਨਕ ਅਨਾਜ਼ ਮੰਡੀ ਵਿਖੇ ਸਮੂਹ ਇਲਾਕਾ ਨਿਵਾਸੀਆ ਦੇ ਸਹਿਯੋਗ ਨਾਲ ਪੂਰੇ ਧੂਮ ਧੜੱਕੇ ਨਾਲ ਸੁਖਚੈਨ ਸਿੰਘ ਇਟਲੀ, ਪ੍ਰਧਾਨ ਰਾਜਿੰਦਰ ਸਿੰਘ ਬਰਨ, ਚੰਦ ਸਿੰਘ ਸਾਬਕਾ ਸਰਪੰਚ ਸਰਪ੍ਰਸਤੀ ਹੇਠ ਕਰਵਾਇਆ ਗਿਆ ਜਿਸ ਦਾ ਉਦਘਾਟਨ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੰਤ੍ਰਿਗ ਕਮੇਟੀ ਮੈਂਬਰ ਸੰਤ ਬਾਬਾ ਟੇਕ ਸਿੰਘ ਧਨੌਲਾ ਨੇ ਕੀਤਾ ਜਦੋਂ ਕਿ ਵਿਸ਼ੇਸ਼ ਮਹਿਮਾਨ ਵਜੋਂ ਜ਼ਿਲਾ ਬਰਨਾਲਾ ਦੇ ਐਸ.ਐਸ.ਪੀ. ਸ. ਹਰਚਰਨ ਸਿੰਘ ਭੁੱਲਰ, ਡਿਪਟੀ ਕਮਿਸਨਰ ਅਰਸ਼ਦੀਪ ਸਿੰਘ ਥਿੰਦ, ਜ਼ੇਲ ਸੁਪਰਡੈਂਟ ਹਰਦੀਪ ਸਿੰਘ ਭੱਟੀ, ਥਾਣਾ ਧਨੌਲਾ ਦੇ ਮੁੱਖ ਅਫ਼ਸਰ ਸ. ਹਰਮੀਕ ਸਿੰਘ ਦਿਓਲ, ਪੰਜਾਬ ਯੂਥ ਕਾਂਗਰਸ ਦੇ ਸੂਬਾਈ ਆਗੂ ਗੁਰਵੀਰ ਸਿੰਘ ਗੁਰੀ ਭੱਠਲ, ਜ਼ਿਲਾ ਲੋਕ ਸੰਪਰਕ ਅਫ਼ਸਰ ਗੋਪਾਲ ਸਿੰਘ ਦਰਦੀ ਬਰਨਾਲਾ, ਸ੍ਰੋਮਣੀ ਅਕਾਲੀ ਦਲ ਬਾਦਲ ਯੂਥ ਵਿੰਗ ਦੇ ਸੂਬਾ ਮੀਤ ਪ੍ਰਧਾਨ ਕੁਲਵੰਤ ਸਿੰਘ ਕੰਤਾ ਅਤੇ ਨਾਇਬ ਤਹਿਸੀਲਦਾਰ ਬਹਾਦਰ ਸਿੰਘ ਨੇ ਸਿਰਕਤ ਕੀਤੀ। ਇਸ ਸੱਭਿਆਚਾਰ ਪ੍ਰੋਗਰਾਮ ਦੀ ਸ਼ੁਰੂਆਤ ਗਾਇਕ ਜਗਜੀਤ ਮਾਣਕ ਨੇ ਬਾਬਾ ਬੰਦਾ ਸਿੰਘ ਦੀ ਬਾਰ "ਲੈ ਕੇ ਕਲਗੀਧਰ ਤੋਂ ਥਾਪੜਾ" ਗਾ ਕੇ ਕੀਤੀ। ਇਸ ਸੱਭਿਆਚਾਰਕ ਮੇਲੇ ਵਿਚ ਮੁੱਖ ਮਹਿਮਾਨ ਵਜੋਂ ਪਹੁੰਚੇ ਐਸ.ਐਸ.ਪੀ. ਸ. ਹਰਚਰਨ ਸਿੰਘ ਭੁੱਲਰ 'ਤੇ ਡੀ.ਸੀ. ਸ. ਅਰਸ਼ਦੀਪ ਸਿੰਘ ਥਿੰਦ ਨੇ ਹਾਜਰੀਨ ਸਰੋਤਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਜਿਹੇ ਸੱਭਿਆਚਾਰਕ ਮੇਲੇ ਕਰਵਾਉਣਾਂ ਸਮੇਂ ਦੀ ਮੁੱਖ ਲੋੜ ਹੈ ਤਾਂ ਜੋ ਸਾਡੀ ਨੌਜਵਾਨ ਪੀੜੀ ਨੂੰ ਆਪਣੇ ਸੱਭਿਆਚਾਰ ਤੋਂ ਜਾਣੂ ਕਰਵਾਇਆ ਜਾ ਸਕੇ। ਭਰੂਣ ਹੱਤਿਆ ਸਬੰਧੀ ਬੋਲਦਿਆਂ ਉਨ੍ਹਾਂ ਕਿਹਾ ਕਿ ਲੜਕੀ ਦਾ ਭਰੂਣ ਹੱਤਿਆ ਕਰ ਦੇਣੀ ਸੱਭ ਤੋਂ ਵੱਡਾ ਪਾਪ ਹੈ ਕਿਉਂਕਿ ਲੜਕੀ ਦਾ ਸਮਾਜ ਵਿਚ ਬਹੁਤ ਵੱਡਾ ਯੋਗਦਾਨ ਹੈ। ਉਸ ਨੇ ਜ਼ਨਮ ਲੈ ਕੇ ਸਾਡੇ ਸਮਾਜ ਵਿਚ ਮਾਂ, ਧੀ, ਭੈਣ, ਪਤਨੀ ਆਦਿ ਵਰਗ ਰਿਸਤੇ ਬਣਨੇ ਹੁੰਦੇ ਹਨ, ਜਿਸ ਨੂੰ ਰੋਕਣ ਲਈ ਨੌਜਵਾਨ ਪੀੜ੍ਹੀ ਨੂੰ ਅੱਗੇ ਆਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਲੋਹੜੀ ਦਾ ਤਿਉਹਾਰ ਪੁੱਤਾਂ ਵਾਂਗ ਧੀਆਂ ਦੀ ਲੋਹੜੀ ਮਨਾਂਕੇ ਇਸ ਤਿਉਹਾਰ ਦਾ ਅਨੰਦ ਮਾਨਣਾ ਚਾਹੀਦਾ ਹੈ। ਇਸੇ ਦੌਰਾਨ ਪੰਜਾਬ ਯੂਥ ਕਾਂਗਰਸ ਦੇ ਸੂਬਾਈ ਆਗੂ ਗੁਰਵੀਰ ਸਿੰਘ ਗੁਰੀ ਭੱਠਲ ਨੇ ਆਪਣੇ ਵਿਚਾਰ ਪੇਸ ਕਰਦਿਆਂ ਕਿਹਾ ਕਿ ਸਾਡੇ ਸੱਭਿਆਚਾਰ ਨੂੰ ਜਿਉਂਦਾ ਰੱਖਣ ਲਈ ਅਜਿਹੇ ਮੇਲੇ ਕਰਵਾਉਣੇ ਚਾਹੀਦੇ ਹਨ ਕਿਉਂਕਿ ਜੇਕਰ "ਸਾਡਾ ਸੱਭਿਆਚਾਰ ਜਿਉਂਦਾ ਰਹੇਗਾ ਤਾਂ ਮਾਂ ਬੋਲੀ ਜਿਉਂਦੀ ਰਹੇਗੀ ਜੇ ਮਾਂ ਬੋਲੀ ਜਿਉਂਦੀ ਰਹੇਗੀ ਤਾਂ ਸਾਡੇ ਪੰਜਾਬੀ ਜਿਉਂਦੇ ਰਹਿਣਗੇ ਪੰਜਾਬੀ ਜਿਉਂਦੇ ਰਹੇ ਤਾਂ ਪੰਜਾਬ ਜਿਉਂਦਾ ਰਹੇਗਾ"। ਮੌਜੂਦਾ ਸਮੇਂ ਵਿਚ ਸਾਡੀ ਨੌਜਵਾਨੀ ਵਿਚ ਵਧ ਰਹੇ ਨਸ਼ਿਆਂ ਦੇ ਰੁਝਾਨ ਸਬੰਧੀ ਬੋਲਦਿਆਂ ਉਨ੍ਹਾਂ ਕਿਹਾ ਕਿ ਨਸ਼ੇ ਦਾ ਆਦੀ ਵਿਅਕਤੀ ਸਮਾਜ ਵਿਚ ਤਾਂ ਨੀਵਾਂ ਹੁੰਦਾ ਹੀ ਹੈ ਉਥੇ ਹੀ ਸਿਹਤ 'ਤੇ ਪੈਸਾ ਬਰਬਾਦ ਹੁੰਦਾ ਹੈ। ਉਨ੍ਹਾਂ ਨੌਜਵਾਨ ਪੀੜ੍ਹੀ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਨਸ਼ਿਆਂ ਦਾ ਤਿਆਗ ਕਰਨ। ਇਸੇ ਦੌਰਾਨ ਗੁਰੀ ਭੱਠਲ ਨੇ ਆਪਣੇ ਪਿਤਾ ਵਿਧਾਇਕ ਕੁਲਦੀਪ ਸਿੰਘ ਭੱਠਲ ਵਲੋਂ ਕਲੱਬ ਨੂੰ 10 ਹਜ਼ਾਰ ਰੁਪਏ ਦੀ ਨਗਦ ਮਾਲੀ ਮਦਦ ਕੀਤੀ। ਇਸ ਸੱਭਿਆਰਕ ਮੇਲੇ ਵਿਚ ਗਾਇਕ ਮਨਜੀਤ ਸੰਧੂ ਬੀਬਾ ਕੁਲਵੰਤ ਕੌਰ, ਜਸਪਾਲ ਪਾਲੀ ਬੀਬਾ ਜਸਪ੍ਰੀਤ ਸੰਮੀ, ਬਲਬੀਰ ਲਹਿਰਾ ਬੀਬਾ ਰਾਜ ਗੁਲਜਾਰ, ਪੰਮਾ ਸਾਇਰ ਬੀਬਾ ਸੁਰਿੰਦਰ ਸਾਹੋ, ਬਲਬੀਰ ਮਾਨ ਬੀਬਾ ਸੁਨੀਤਾ ਮਾਨ, ਰੁਪਿੰਦਰ ਰਿੰਪੀ, ਅੰਗਰੇਜ ਮਹਿਰਾਜ ਅਤੇ ਜਿੰਮੀ ਗਿੱਲ ਨੇ ਆਪੋ ਆਪਣੇ ਗੀਤ ਗਾਕੇ ਸਵੇਰ ਤੋਂ ਲੈ ਕੇ ਦੇਰ ਰਾਤ ਤੱਕ ਠੰਡ ਦੇ ਦੌਰਾਨ ਸਰੋਤਿਆ ਨੂੰ ਕੀਲੀ ਰੱਖਿਆ। ਇਸੇ ਦੌਰਾਨ ਹਰੀ ਸਿੰਘ ਮਾਨ ਦੇ ਕਵੀਸਰੀ ਜਥੇ ਨੇ ਵੀ ਆਪਣੀ ਹਾਜਰੀ ਲਵਾਈ। ਇਸ ਮੇਲੇ ਵਿਚ ਧਿਆਨ ਚੰਦ ਐਵਾਰਡੀ ਅਥਲੀਟ ਹਾਕਮ ਭੱਠਲ, ਗੀਤਕਾਰ ਪ੍ਰਗਟ ਲਿੱਦੜਾ ਅਤੇ ਉਘੇ ਸਮਾਜ ਸੇਵੀ ਪੁਸ਼ਪਿੰਦਰ ਭੰਡਾਰੀ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ। ਸੱਭਿਆਚਾਰਕ ਪ੍ਰੋਗਰਾਮ ਵਿਚ ਸਟੇਜ ਦੀ ਸਮੁੱਚੀ ਕਾਰਵਾਈ ਜਗਤਾਰ ਜ਼ਖ਼ਮੀ ਭੱਠਲ ਨੇ ਬਾਖੂਬੀ ਨਿਭਾਈ। ਇਸ ਮੇਲੇ ਨੂੰ ਸਫ਼ਲ ਬਣਾਉਣ ਲਈ ਚੰਦ ਸਿੰਘ ਸਾਬਕਾ ਸਰਪੰਚ ਮਾਨਾ ਪਿੰਡੀ, ਕੁਲਵਿੰਦਰ ਸਿੰਘ, ਜਸਨ ਸਿੱਧੂ, ਪ੍ਰੇਮ ਬਰਨ, ਭੋਲੂ ਸਿੰਘ, ਤਰਸੇਮ ਸੰਧੂ, ਜਸਵੀਰ ਸਿੰਘ ਜੱਸੀ ਮਾਨ, ਹਰਦੀਪ ਬੱਗੀ ਗਿੱਲ ਨੇ ਕੰਮ ਕੀਤਾ। ਅਖੀਰ ਵਿਚ ਕਲੱਬ ਦੇ ਸਰਪ੍ਰਸਤ ਸੁਖਚੈਨ ਸਿੰਘ ਇਟਲੀ ਨੇ ਆਈਆ ਅਹਿਮ ਸਖਸੀਅਤਾ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ।



ਧਨੌਲਾ ਦੇ ਸੱਭਿਆਚਾਰਕ ਮੇਲੇ ਦੀਆਂ ਝਲਕੀਆਂ। ਤਸਵੀਰਾਂ: ਦਰਸ਼ਨ ਸਿੰਘ ਕੌਂਟੂ